# Statement on the US support for TRIPS Waiver

May 06, 2021

---

# ਅਮਰੀਕਾ ਵੱਲੋਂ TRIPS ਤੋਂ ਛੋਟ ਦੇਣ ਦੀ ਹਿਮਾਇਤ ਕਰਨ ਬਾਰੇ ਬਿਆਨ

6 ਮਈ, 2021

ਆਲਮੀ ਸਿਹਤ ਸੰਕਟ ਦੇ ਮੱਦੇਨਜ਼ਰ ਅਤੇ COVID-19 ਮਹਾਂਮਾਰੀ ਨਾਲ ਨਜਿੱਠਣ ਦੀ ਲੋੜ ਦੇ ਮੱਦੇਨਜ਼ਰ ਭਾਰਤ ਅਤੇ ਦੱਖਣੀ ਅਫਰੀਕਾ ਨੇ TRIPS ਬਾਰੇ ਸਮਝੌਤੇ ਦੇ ਨਿਯਮਾਂ ਵਿਚ ਢਿੱਲ ਦੇਣ ਬਾਰੇ WTO ਅੰਦਰ 2 ਅਕਤੂਬਰ, 2020 ਨੂੰ ਮਤਾ ਪੇਸ਼ ਕੀਤਾ ਸੀ, ਤਾਂ ਜੋ ਵਿਕਾਸਸ਼ੀਲ ਦੇਸ਼ਾਂ ਲਈ ਟੀਕਿਆਂ ਅਤੇ ਦਵਾਈਆਂ ਦੀ ਜਲਦੀ ਅਤੇ ਕਿਫਾਇਤੀ ਪਹੁੰਚ ਨੂੰ ਯਕੀਨੀ ਬਣਾਇਆ ਜਾ ਸਕੇ। ਭਾਰਤ ਅਤੇ ਹੋਰ ਇਹੋ ਵਿਚਾਰਾਂ ਵਾਲੇ ਦੇਸ਼ਾਂ ਦੀਆਂ ਸਰਗਰਮ ਕੋਸ਼ਿਸ਼ਾਂ ਦੇ ਨਤੀਜੇ ਵਜੋਂ ਇਸ ਪ੍ਰਸਤਾਵ ਨੂੰ 120 ਤੋਂ ਵੱਧ ਦੇਸ਼ਾਂ ਦੀ ਹਿਮਾਇਤ ਮਿਲੀ ਹੈ।

ਅਮਰੀਕੀ ਰਾਸ਼ਟਰਪਤੀ ਬਿਡੇਨ ਨਾਲ 26 ਅਪ੍ਰੈਲ, 2021 ਨੂੰ ਹੋਈ ਆਪਨੀ ਤਾਜ਼ਾ ਫੋਨ ਕਾਲ ਦੌਰਾਨ ਪ੍ਰਧਾਨ ਮੰਤਰੀ ਨੇ ਉਨ੍ਹਾਂ ਨੂੰ ਮਨੁੱਖਤਾ ਦੇ ਫਾਇਦੇ ਲਈ ਵਿਸ਼ਵ ਵਪਾਰ ਸੰਗਠਨ ਵਿਖੇ ਭਾਰਤ ਵੱਲੋਂ ਚੁੱਕੇ ਗਏ ਇਸ ਉੱਦਮ ਬਾਰੇ ਜਾਣਕਾਰੀ ਦਿੱਤੀ।

ਅਸੀਂ ਅਮਰੀਕੀ ਸਰਕਾਰ ਵੱਲੋਂ 5 ਮਈ ਨੂੰ ਜਾਰੀ ਬਿਆਨ, ਜਿਸ ਅੰਦਰ ਇਸ ਉਪਰਾਲੇ ਦੀ ਹਿਮਾਇਤ ਕੀਤੀ ਗਈ ਹੈ, ਦਾ ਸਵਾਗਤ ਕਰਦੇ ਹਾਂ। ਸਾਨੂੰ ਆਸ ਹੈ ਕਿ ਸਹਿਮਤੀ ਦੇ ਆਧਾਰ ਤੇ WTO ਅੰਦਰ ਇਸ ਛੋਟ ਨੂੰ ਛੇਤੀ ਪ੍ਰਵਾਨਗੀ ਦਿੱਤੀ ਜਾ ਸਕਦੀ ਹੈ। ਇਹ ਛੋਟ COVID 19 ਦੇ ਟੀਕਿਆਂ ਅਤੇ ਲੋੜੀਂਦੇ ਡਾਕਟਰੀ ਉਤਪਾਦਾਂ ਦੀ ਪੈਦਾਵਾਰ ਵਧਾਉਣ ਅਤੇ ਸਮੇਂ ਸਿਰ ਉਪਲਬਧਤਾ ਯਕੀਨੀ ਬਣਾਉਣ ਦੀ ਦਿਸ਼ਾ ਵਿੱਚ ਮਹੱਤਵਪੂਰਨ ਕਦਮ ਹੈ।

ਨਵੀਂ ਦਿਲੀ

6 ਮਈ, 2021

DISCLAIMER: This is an approximate translation. The original is available in English on MEA's website and may be referred to as the official press release.